Alberta

**ਨਿਊਜ਼** ਰਿਲੀਜ਼

# ਤੁਹਾਡਾ ਸੂਬਾ, ਤਹਾਡੀ ਪਲੇਟ

15 ਅਕਤੂਬਰ 2025 ਮੀਡੀਆ ਇੰਨਕੁਆਰੀਆਂ

## 40 ਸਾਲਾਂ ਤੋਂ ਵਧੇਰੇ ਸਮੇਂ 'ਚ ਪਹਿਲੀ ਵਾਰ, ਐਲਬਰਟਾ ਇਕ ਤਕੜੇ ਅਤੇ ਆਜ਼ਾਦ ਮਾਟੋ/ਆਦਰਸ਼ ਵਾਕ ਨਾਲ ਆਪਣੀ ਲਾਈਸੈਂਸ ਪਲੇਟ ਨੂੰ ਨਵੀਂ ਤਾਜ਼ੀ ਕਰ ਰਿਹਾ ਹੈ ਅਤੇ ਇਸਦੀ ਅੰਤਮ ਦਿੱਖ ਦਾ ਫੈਸਲਾ ਐਲਬਰਟਾ ਨਿਵਾਸੀਆਂ ਦੁਆਰਾ ਕੀਤਾ ਜਾਵੇਗਾ।

15 ਅਕਤੂਬਰ ਤੋਂ 5 ਨਵੰਬਰ ਤੱਕ ਐਲਬਰਟਾ ਨਿਵਾਸੀ ਨਵੀਂ ਲਾਈਸੈਂਸ ਪਲੇਟ ਦੇ ਡਿਜ਼ਾਈਨ ਲਈ ਇਕ ਟੂਰਨਾਮੈਂਟ-ਸਟਾਈਲ ਆਨਲਾਈਨ ਵੋਟ ਵਿਚ ਭਾਗ ਲੈ ਸਕਦੇ ਹਨ, ਜਿਹੜਾ ਡਿਜ਼ਾਈਨ, ਜਦੋਂ ਵੀ ਅਸੀਂ ਸੜਕ 'ਤੇ ਜਾਵਾਂਗੇ, ਬੜੇ ਮਾਣ ਨਾਲ ਦਰਸਾਵੇਗਾ ਕਿ ਅਸੀਂ ਕੌਣ ਹਾਂ।

ਨਵੀਂ ਲਾਈਸੈਂਸ ਪਲੇਟ 2026 ਦੇ ਅੰਤਲੇ ਸਮਿਆਂ 'ਚ ਉਪਲਬਧ ਹੋਵੇਗੀ ਅਤੇ ਇਕ "ਤਕੜੇ ਅਤੇ ਆਜ਼ਾਦ" (“Strong and Free”) ਥੀਮ 'ਤੇ ਆਧਾਰਤ, ਸਾਡੇ ਸੂਬੇ ਦੇ ਲਤੀਨੀ ਮਾਟੋ ਦੀ ਗੂੰਜ ਦੇ ਰਹੀ ਅਤੇ ਐਲਬਰਟਾ ਦੀ ਪ੍ਰਮੁੱਖ ਪਛਾਣ, ਆਰਥਿਕ ਤਾਕਤ ਅਤੇ ਡੂੰਘੀਆਂ ਜੜ੍ਹਾਂ ਵਾਲੇ ਸੂਬਾਈ ਗੌਰਵ ਨੂੰ ਦਰਸਾਉਂਦੀ ਹੋਵੇਗੀ। ਲਾਈਸੈਂਸ ਪਲੇਟ ਉੱਪਰ ਮਾਟੋ ਲਗਾਉਣਾ ਕੈਨੇਡਾ ਦੇ ਰਾਸ਼ਟਰੀ ਗਾਣ ਪ੍ਰਤਿ ਹਾਂ-ਵਾਚਕ ਹੁੰਗਾਰੇ ਅਤੇ ਐਲਬਰਟਾ ਦੀ ਸੰਯੁਕਤ ਕੈਨੇਡਾ ਅੰਦਰ ਇਕ ਤਕੜੀ ਅਤੇ ਪਭੂਸੱਤਾ-ਸੰਪੰਨ ਸੂਬੇ ਵਜੋਂ ਪੁਜ਼ੀਸ਼ਨ ਨੂੰ ਪ੍ਰਗਟ ਕਰੇਗਾ।

“ਸਾਡੇ ਵਿਸ਼ਾਲ ਪ੍ਰਾਕਿਰਤਕ ਦ੍ਰਿਸ਼ਾਂ ਤੋਂ ਲੈ ਕੇ ਸਾਡੀ ਕਾਰੋਬਾਰੀ ਭਾਵਨਾਂ ਤੱਕ, ਐਲਬਰਟਾ ਪਾਸ ਬਹੁਤ ਕੁਝ ਮਾਣ ਕਰਨਯੋਗ ਹੈ, ਅਤੇ ਸਾਡੀ ਨਵੀਂ ਲਾਈਸੈਂਸ ਪਲੇਟ ਇਸ ਗੌਰਵ ਨੂੰ ਦਰਸਾਵੇਗੀ। ਚਾਰ ਦਹਾਕਿਆਂ 'ਚ ਪਹਿਲੀ ਵਾਰ, ਐਲਬਰਟਾ ਨਿਵਾਸੀ ਚੁਣਨਗੇ ਕਿ ਅਸੀਂ ਉਸ ਕਹਾਣੀ ਨੂੰ ਕਿਵੇਂ ਬਿਆਨ ਕਰਦੇ ਹਾਂ। ਮੈਂ ਇਹ ਵੇਖਣ ਦੀ ਉਮੀਦ ਕਰਦੀ ਹਾਂ ਕਿ ਕਿਹੜਾ ਡਿਜ਼ਾਈਨ ਦੁਨੀਆਂ ਨੂੰ ਇਹ ਦਰਸਾਉਣ ਲਈ ਚੁਣਿਆਂ ਜਾਂਦਾ ਹੈ ਕਿ ਇਹ ਤਕੜੇ ਅਤੇ ਆਜ਼ਾਦ ਲੋਕਾਂ ਦੀ ਧਰਤੀ ਹੈ।”

*Danielle Smith, ਪ੍ਰੀਮੀਅਰ*

ਉਨ੍ਹਾਂ ਵਿਕਲਪਾਂ ਸਹਿਤ, ਜਿੰਨ੍ਹਾਂ 'ਚ ਐਲਬਰਟਾ ਦੇ ਮਸ਼ਹੂਰ ਲੈਂਡਮਾਰਕ ਚਿੰਨ੍ਹ ਜਿਵੇਂ ਥਰੀ ਸਿਸਟਰਜ਼ ਮਾਊਂਟੇਨਜ਼ ਅਤੇ ਸਾਡੇ ਸੂਬੇ ਦੀਆਂ ਖੇਤੀ-ਬਾੜੀ ਅਤੇ ਊਰਜਾ ਉਤਪਾਦਨ ਸਮੇਤ ਮੂਲ ਇੰਡਸਟਰੀਆਂ ਸ਼ਾਮਲ ਹਨ, ਹਰੇਕ ਸੰਭਾਵੀ ਪਲੇਟ 'ਚ ਐਲਬਰਟਾ ਦੀ ਸੁੰਦਰਤਾ, ਇਤਿਹਾਸ ਅਤੇ ਮੂਲ ਭਾਵਨਾਂ ਸ਼ਾਮਲ ਹੋਵੇਗੀ।

ਵੋਟਾਂ ਪਾਉਣ ਦੇ ਪਹਿਲੇ ਪੜਾਅ 'ਚ ਐਲਬਰਟਾ ਨਿਵਾਸੀ ਆਪਣੇ ਅੱਠ ਮਨਪਸੰਦ ਅਨੋਖੇ ਸੰਕਲਪਾਂ ਵਾਸਤੇ ਵੋਟ ਪਾਉਣਗੇ, ਜਿਹੜੇ ਐਲਬਰਟਾ ਦੇ ਵਿਲੱਖਣ ਪ੍ਰਾਕਿਰਤਕ ਦ੍ਰਿਸ਼ਾਂ ਅਤੇ ਇਤਿਹਾਸ ਨੂੰ ਆਪਣੇ 'ਚ ਸਮਾਉਂਦੇ ਹੋਣਗੇ। ਪਹਿਲੇ ਪੜਾਅ ਤੋਂ ਉਪਰੰਤ, ਚਾਰ ਡਿਜ਼ਾਈਨ ਵੋਟਾਂ ਦੇ ਅਗਲੇ ਦੌਰ ਤੱਕ ਪੁੱਜਣਗੇ ਜਿੱਥੇ ਸਿਖਰਲੇ ਦੋ ਚੁਣੇ ਜਾਣਗੇ ਅਤੇ ਇਸ ਤੋਂ ਬਾਦ ਜੇਤੂ ਪਲੇਟ ਸੰਕਲਪ ਵਾਸਤੇ ਇਕ ਆਖਰੀ ਵੋਟ ਹੋਵੇਗੀ। ਜਿੱਤਣ ਵਾਲੀ ਨਵੀਂ ਲਾਇਸੈਂਸ ਪਲੇਟ ਦੀ ਵਿਧਾਨ ਸਭਾ ਦੇ ਪੱਤਝੜ ਰੁੱਤ ਦੇ ਸੈਸ਼ਨ ਦੌਰਾਨ ਘੋਸ਼ਣਾ ਕੀਤੀ ਜਾਵੇਗੀ।

"ਐਲਬਰਟਾ ਤਕੜਾ ਅਤੇ ਆਜ਼ਾਦ ਹੈ, ਅਤੇ ਐਲਬਰਟਾ ਨਿਵਾਸੀਆਂ ਪਾਸ ਨਵੀਂ ਲਾਈਸੈਂਸ ਪਲੇਟ ਨੂੰ ਚੁਣਨ ਦਾ ਮੌਕਾ ਹੋਵੇਗਾ, ਜਿਹੜੀ ਇਸ ਮਨੋ ਭਾਵਨਾਂ ਨੂੰ ਪਕੜਦੀ ਹੋਵੇਗੀ। ਨਵੀਂ ਲਾਈਸੈਂਸ ਪਲੇਟ ਇਕ ਤਾਜ਼ਾ ਡਿਜ਼ਾਈਨ ਹੋਵੇਗੀ ਜਿਸਨੂੰ ਹਰੇਕ ਐਲਬਰਟਾ ਨਿਵਾਸੀ ਦਰਸਾਉਣ 'ਚ ਮਾਣ ਮਹਿਸੂਸ ਕਰੇਗਾ, ਭਾਵੇਂ ਉਹ ਕੰਮ 'ਤੇ ਜਾਣ, ਕਿਸੇ ਝੀਲ 'ਤੇ ਜਾਣ ਜਾਂ ਉੱਤਰੀ ਅਮਰੀਕਾ ਨੂੰ ਵੇਖਣ ਭਾਲਣ ਲਈ ਗੱਡੀ ਚਲਾ ਰਹੇ ਹੋਣ।"

*Dale Nally, ਮਿਨਿਸਟਰ ਆਫ ਸਰਵਿਸ ਐਲਬਰਟਾ ਐਂਡ ਰੈੱਡ ਟੇਪ ਰਿਡਕਸ਼ਨ*

ਜੇਕਰ ਕੋਈ ਐਲਬਰਟਾ ਨਿਵਾਸੀ ਨਵੀਂ ਲਾਈਸੈਂਸ ਪਲੇਟ ਦੇ ਜਾਰੀ ਹੋਣ ਜਾਣ 'ਤੇ ਆਪਣੀ ਮੌਜੂਦਾ ਪਲੇਟ ਬਦਲਣੀ ਚਾਹੁੰਦਾ ਹੈ ਤਾਂ ਉਹ ਆਪਣੀ ਮਰਜ਼ੀ ਨਾਲ 28 ਡਾਲਰ ਫੀਸ ਦੇ ਕੇ ਇੰਜ ਕਰ ਸਕਦੇ ਹਨ। ਬਦਲਵੇਂ ਢੰਗ ਨਾਲ, ਐਲਬਰਟਾ ਨਿਵਾਸੀ ਆਪਣੀਆਂ ਗੱਡੀਆਂ ਦੀ ਰਜਿਸਟਰੇਸ਼ਨ ਨਵਿਆਉਣ ਦੀ ਤਰੀਕ 'ਤੇ ਬਿਨਾਂ ਕਿਸੇ ਲਾਗਤ ਤੋਂ ਨਵੀਂ ਪਲੇਟ ਪ੍ਰਾਪਤ ਕਰ ਸਕਣਗੇ। ਗੱਡੀ ਚਾਲਕ, ਜਦੋਂ ਨਵੀਂ ਪਲੇਟ ਆ ਜਾਂਦੀ ਹੈ, ਉਸਦੇ ਆ ਜਾਣ 'ਤੇ ਵੀ ਆਪਣੀ ਪਹਿਲੀ ਲਾਈਸੈਂਸ ਪਲੇਟ ਵਰਤਣੀ ਜਾਰੀ ਰੱਖ ਸਕਦੇ ਹਨ, ਬਸ਼ਰਤੇ ਕਿ ਉਹ ਅਜੇ ਵੀ ਵਧੀਆ ਹਾਲਤ 'ਚ ਹੋਵੇ।

## ਫੌਰੀ ਤੱਥ

- ਐਲਬਰਟਾ ਦੀ ਮੌਜੂਦਾ ਲਾਈਸੈਂਸ ਪਲੇਟ 1984 'ਚ ਡਿਜ਼ਾਈਨ ਕੀਤੀ ਗਈ ਸੀ।
- 2021 'ਚ ਐਲਬਰਟਾ ਨੇ ਉਸੇ ਡਿਜ਼ਾਈਨ ਵਾਲੀਆਂ ਪਲੇਟਾਂ ਨੂੰ ਰੋਗਨ ਕੀਤੀਆਂ ਤੋਂ ਪ੍ਰਤਿਬਿੰਬਤ ਪਲੇਟਾਂ 'ਚ ਪ੍ਰੀਵਰਤਤ ਕਰਨਾਂ ਸ਼ੁਰੂ ਕੀਤਾ।
- ਹਰੇਕ ਨਵੇਂ ਡਿਜ਼ਾਈਨ 'ਚ ਕਾਨੂੰਨ ਲਾਗੂ ਕਰਨ ਵਾਲਿਆਂ ਦੁਆਰਾ ਅਤੇ ਘੱਟ ਚਾਨਣ ਵਾਲੀਆਂ ਹਾਲਤਾਂ 'ਚ ਸਵੈ-ਚਲਿਤ ਸਿਸਟਮ ਦੁਆਰਾ ਪੜ੍ਹੇ ਜਾਣ 'ਚ ਸੁਧਾਰ ਲਿਆਉਣ ਲਈ ਪ੍ਰਤਿਬਿੰਬਤ

ਕਰਨ ਵਾਲੀ ਤਕਨਾਲੋਜੀ ਵਰਤੀ ਗਈ ਹੈ ਅਤੇ ਇਹ ਦਿਖਣ, ਪੜ੍ਹੇ ਜਾਣ ਅਤੇ ਨਕਲ  ਪ੍ਰਤਿਰੋਧ ਦੇ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਵੀ ਪੂਰਿਆਂ ਕਰਦੇ ਹਨ।

## ਸਬੰਧਤ ਜਾਣਕਾਰੀ

- Alberta.ca/PickAPlate
- Licence plates
- Motor vehicle information
- Motor vehicles - eServices

## ਮਲਟੀਮੀਡੀਆ

- Watch the news conference

## ਮੀਡੀਆ ਇੰਨਕੁਆਰੀਆਂ


**Kevin Lee**

587-785-4366
ਐਕਟਿੰਗ ਪ੍ਰੈੱਸ ਸੈਕਰੇਟਰੀ, ਸਰਵਿਸ ਐਲਬਰਟਾ ਐਂਡ ਰੈੱਡ ਟੇਪ ਰਿਡਕਸ਼ਨ